# ਛੁੱਟੀਆਂ ਦਾ ਕੰਮ

*ਮਿਤੀ :* ਵਿਸ਼ਾ : ਪੰਜਾਬੀ *ਜਮਾਤ : ਸਤਵੀ*

*ਦਿਨ :* (ਦੂਜੀ ਭਾਸ਼ਾ) *ਸੈਕਸ਼ਨ : ......*

*ਨਿਰਧਾਰਤ ਸਮ੍ਹਾਂ : 3 ਘੰਟੇ* *ਕੁੱਲ ਅੰਕ :*

ਨੋਟ : (1) ਇਸ ਪ੍ਰਸ਼ਨ ਪੱਤਰ ਵਿੱਚ ਗਿਆਨ ਤੇ ਵਿਚਾਰ, ਵਿਆਕਰਨ, ਪਾਠ-ਪੁਸਤਕ ਅਤੇ ਲਿਖਤੀ 'ਚਾਰ' ਭਾਗ ਹਨ।

(2) ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।

(3) ਲਿਖਾਈ ਸੁੰਦਰ ਤੇ ਸਾਫ਼ ਕਰੋ।

(4) ਸਾਰੇ ਪ੍ਰਸ਼ਨ ਲੜੀਵਾਰ ਕੀਤੇ ਜਾਣ।

(5) ਇਸ ਪ੍ਰਸ਼ਨ ਪੱਤਰ ਵਿੱਚ ਚਾਰ ਭਾਗ 4 ਸਫ਼ਿਆਂ 'ਤੇ ਹਨ।

## (ਭਾਗ – ੳ)

## ਗਿਆਨ ਤੇ ਵਿਚਾਰ

ਪ੍ਰਸ਼ਨ1. ਅਣਡਿੱਠੇ ਪੈਰ੍ਹੇ (ਵਾਰਤਕ + ਕਵਿਤਾ) :-

(ੳ) *ਗੁਰੂ ਅਰਜਨ ਦੇਵ ਜੀ ਦਾ ਜਨਮ 1563 ਈ: ਨੂੰ ਗੋਇੰਦਵਾਲ ਵਿਖੇ ਸਿੱਖਾਂ ਦੇ ਚੌਥੇ ਗੁਰੂ ਸ੍ਰੀ ਗੁਰੂ ਰਾਮ ਦਾਸ ਜੀ ਦੇ ਘਰ ਮਾਤਾ ਭਾਨੀ ਜੀ ਦੀ ਕੁੱਖੋਂ ਹੋਇਆ। ਆਪ ਦਾ ਪਾਲਣ-ਪੋਸ਼ਣ ਆਪ ਦੇ ਨਾਨਾ ਸਿੱਖਾਂ ਦੇ ਤੀਸਰੇ ਗੁਰੂ ਸ੍ਰੀ ਗੁਰੂ ਅਮਰਦਾਸ ਜੀ ਦੀ ਦੇਖ-ਰੇਖ ਵਿੱਚ ਹੋਇਆ। ਗੁਰੂ ਅਮਰਦਾਸ ਜੀ ਨੇ ਹੀ ਆਪ ਨੂੰ 'ਦੋਹਿਤਾ ਬਾਣੀ ਕਾ ਬੋਹਿਥਾ' ਵਰ ਦਿੱਤਾ ਸੀ। ਆਪ ਨੇ ਪੰਡਿਤ ਕੇਸ਼ੋ ਗੋਪਾਲ ਤੇ ਬਾਬਾ ਬੁੱਢਾ ਜੀ ਤੋਂ ਵਿੱਦਿਆ ਪ੍ਰਾਪਤ ਕੀਤੀ। 1582 ਵਿੱਚ ਆਪ ਗੁਰਗੱਦੀ 'ਤੇ ਬਿਰਾਜਮਾਨ ਹੋਏ। ਜਿਉਂ ਹੀ ਆਪ, ਗੁਰਗੱਦੀ ਤੇ ਬੈਠੇ ਆਪ ਦਾ ਵੱਡਾ ਭਰਾ ਪ੍ਰਿਥੀ ਚੰਦ ਆਪ ਨਾਲ ਈਰਖਾ ਕਰਨ ਲੱਗ ਪਿਆ। ਜਿਸ ਸਮੇਂ ਆਪ ਗੁਰਗੱਦੀ 'ਤੇ ਬੈਠੇ ਉਸ ਵੇਲੇ ਮੁਗ਼ਲ ਬਾਦਸ਼ਾਹ ਜਹਾਂਗੀਰ ਦਾ ਰਾਜ ਸੀ। ਉਹ ਸਿੱਖਾਂ ਨਾਲ ਬਹੁਤ ਖ਼ਾਰ ਖਾਂਦਾ ਸੀ। ਗੁਰੂ ਜੀ ਦੇ ਵਿਰੋਧੀਆਂ ਨੇ ਗੁਰੂ ਜੀ ਦੇ ਖਿਲਾਫ਼ ਜਹਾਂਗੀਰ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ। ਅਖ਼ੀਰ ਜਹਾਂਗੀਰ ਨੇ ਆਪ ਨੂੰ ਕੈਦ ਕਰ ਲਿਆ ਤੇ ਸ਼ਹੀਦ ਕਰਵਾ ਦਿੱਤਾ।*

1) ਗੁਰੂ ਅਰਜਨ ਦੇਵ ਜੀ ਨੂੰ ਕਿਸ ਮੁਗ਼ਲ ਬਾਦਸ਼ਾਹ ਨੇ ਸ਼ਹੀਦ ਕਰਵਾਇਆ ਸੀ?
2) 'ਦੋਹਿਤਾ ਬਾਣੀ ਦਾ ਬੋਹਿਥਾ' ਵਰ ਕਿਸ ਨੇ ਕਿਸ ਨੂੰ ਦਿੱਤਾ ਸੀ?
3) ਗੁਰੂ ਅਰਜਨ ਦੇਵ ਜੀ ਦੇ ਖਿਲਾਫ਼ ਜਹਾਂਗੀਰ ਦੇ ਕੰਨ ਕਿਨ੍ਹਾਂ ਨੇ ਭਰੇ ਸਨ?
4) ਗੁਰੂ ਅਰਜਨ ਦੇਵ ਜੀ ਨੂੰ ਗੁਰਗੱਦੀ ਕਿਹੜੇ ਸਾਲ ਮਿਲੀ ਸੀ?
5) ਗੁਰੂ ਅਰਜਨ ਦੇਵ ਜੀ ਦੇ ਪਿਤਾ ਤੇ ਨਾਨਾ ਜੀ ਦਾ ਕੀ ਨਾਂ ਸੀ?

(ਅ) ਕਵਿਤਾ :-

*ਸਾਉਣ ਮਾਹ, ਝੜੀਆਂ, ਗਰਮੀ ਝਾੜ, ਸੁੱਟੀ,*
*ਧਰਤੀ ਪੰਗਰੀ, ਟਹਿਕੀਆਂ ਡਾਲੀਆਂ ਨੇ।*
*ਰਾਹ ਰੋਕ ਲਏ, ਛੱਪੜਾਂ ਟੋਭਿਆਂ ਨੇ,*
*ਨਦੀਆਂ-ਨਾਲ਼ਿਆਂ ਜੂਹਾਂ ਹੰਘਾਲ਼ੀਆਂ ਨੇ।*
*ਧਾਈ ਉਸਰੇ, ਨਿੱਸਰੀ ਚਰੀ, ਮੱਕੀ,*
*ਤੇ ਕਪਾਹੀ ਨਾ ਜਾਣ ਸੰਭਾਲ਼ੀਆਂ ਨੇ।*
*ਜੰਮੂੰ ਰਸੇ, ਅਨਾਰ ਵਿੱਚ ਆਈ ਸ਼ੀਰੀ,*
*ਚੜੀਆਂ ਸ਼ਬਜ਼ੀਆਂ ਨੂੰ ਗਿੱਠ-ਗਿੱਠ ਲਾਲੀਆਂ ਨੇ।*

ਉਰੋਕਤ ਕਵਿਤਾ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਇੱਕ ਸਤਰ ਵਿੱਚ ਲਿਖੋ।

(ੳ) ਉਪਰੋਕਤ ਸਤਰਾਂ ਕਿਸ ਕਵਿਤਾ ਵਿੱਚੋਂ ਲਈਆਂ ਗਈਆਂ ਹਨ?

(ਅ) ਕਵਿਤਾ ਦੇ ਪੈਰ੍ਹੇ ਵਿੱਚ ਕਿਹੜੀਆਂ ਫ਼ਸਲਾਂ ਦੀ ਗੱਲ ਕੀਤੀ ਗਈ ਹੈ?

(ੲ) ਛੱਪੜਾਂ ਤੇ ਟੋਭਿਆਂ ਵਿੱਚ ਪਾਣੀ ਭਰ ਜਾਣ ਨਾਲ ਕੀ ਹੁੰਦਾ ਹੈ?

(ਸ) ਗਿੱਠ-ਗਿੱਠ ਲਾਲੀਆਂ ਕਿਸ ਉੱਪਰ ਚੜ ਜਾਂਦੀਆਂ ਹਨ?

(ਹ) ਕਾਵਿ-ਸਤਰਾਂ ਵਿੱਚ ਕਿਹੜੇ ਫਲਾਂ ਦੀ ਗੱਲ ਕੀਤੀ ਗਈ ਹੈ?

(ਭਾਗ - ਅ)

ਪ੍ਰਸ਼ਨ2. ਪਾਠ ਪੁਸਤਕ ਤੇ ਅਧਾਰਤ ਪ੍ਰਸ਼ਨ :-

ੳ) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ-ਦੋ ਸ਼ਬਦਾਂ ਵਿੱਚ ਲਿਖੋ :-

(1) ਪਿਆਰਾ ਸਿੰਘ ਦਾ ਮੁੰਡਾ ਕਿਹੜੀ ਜਮਾਤ ਵਿੱਚ ਪੜ੍ਹਦਾ ਸੀ?

(2) ਪਿਆਰਾ ਸਿੰਘ ਦੀ ਪਤਨੀ ਦਾ ਕੀ ਨਾਂ ਸੀ?

(3) ਪਿਆਰਾ ਸਿੰਘ ਖੇਤਾਂ ਨੂੰ ਕਦੋਂ ਜਾਂਦਾ ਸੀ?

(4) ਬਲਦਾਂ ਦੇ ਗੱਲਾਂ ਵਿੱਚ ਕੀ ਬੰਨ੍ਹਿਆ ਹੋਇਆ ਸੀ?

(5) ਪਿਆਰਾ ਸਿੰਘ ਲਈ ਸੁਨੇਹਾ ਕੌਣ ਲੈ ਕੇ ਆਇਆ ਸੀ?

ਅ) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਪੰਜ-ਛੇ ਸਤਰਾਂ ਵਿੱਚ ਲਿਖੋ :-

(1) ਪਿਆਰਾ ਸਿੰਘ ਦਾ ਨਿੱਤਨੇਮ ਕੀ ਸੀ?

(2) ਪਿਆਰਾ ਸਿੰਘ ਦੇ ਖੇਤ ਦੀਆਂ ਸਬਜ਼ੀਆਂ ਪਿੰਡ ਦੇ ਲੋਕ ਕਿਉਂ ਖ਼ਰੀਦਦੇ ਸਨ?

ਏ) ਹੇਠ ਲਿਖੇ ਸ਼ਬਦਾਂ ਦੇ ਅਰਥ ਲਿਖੋ :-

ਹਾਜਰੀ, ਝਲਾਨੀ, ਨਵੇਂ-ਨਿਰੋਏ, ਨੈਣ-ਪ੍ਰਾਣ, ਨਦੀਨ

ਸ) ਹੇਠ ਲਿਖੇ ਅਸ਼ੁੱਧ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ :-

ਚਾਹਿਦਾ, ਕੀਸਾਨ, ਮੇਹਨਤ, ਸ਼ੁੱਟੀ, ਅਮਰੀਤ

(ਭਾਗ - ੲ)

ਪ੍ਰਸ਼ਨ3. ਵਿਆਕਰਨ ਭਾਗ :-

(1) ਹੇਠ ਲਿਖੇ ਵਾਕਾਂ ਵਿੱਚੋਂ ਨਾਂਵ ਚੁਣੋ ਤੇ ਉਸਦੀ ਕਿਸਮ ਲਿਖੋ।

(ੳ) ਉਹ ਕੁਰਸੀ 'ਤੇ ਬੈਠਾ ਹੋਇਆ ਸੀ?

(ਅ) ਦਿੱਲੀ ਇਥੋਂ ਬਹੁਤ ਦੂਰ ਹੈ।

(ੲ) ਪੰਛੀਆਂ ਦੀ ਡਾਰ ਉੱਡ ਰਹੀ ਹੈ।

(2) ਹੇਠ ਲਿਖੇ ਵਾਕਾਂ ਵਿੱਚੋਂ ਪੜ੍ਹਨਾਂਵ ਚੁਣੋ ਤੇ ਉਸਦੀ ਕਿਸਮ ਲਿਖੋ।

(ੳ) ਕੌਣ ਸ਼ੋਰ ਮਚਾ ਰਿਹਾ ਹੈ?

(ਅ) ਜਿਹੜੇ ਮਿਹਨਤ ਕਰਦੇ ਹਨ, ਉਹ ਸਫ਼ਲ ਹੁੰਦੇ ਹਨ।

(ੲ) ਮੈਂ ਪੁਸਤਕ ਪੜ੍ਹੀ।

(3) ਹੇਠ ਲਿਖੇ ਅਗੇਤਰ ਲਗਾਕੇ ਦੋ-ਦੋ ਸ਼ਬਦ ਬਣਾਓ।

ਨਿ, ਬਦ, ਸ਼ਾਹ, ਅਤਿ

(4) ਹੇਠ ਲਿਖੇ ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਲਿਖੋ।

(ੳ) ਪਹਿਲਾਵਾਨਾਂ ਦੇ ਘੁਲਣ ਵਾਲੀ ਥਾਂ

(ਅ) ਦੂਸਰਿਆਂ ਦਾ ਭਲਾ ਕਰਨ ਵਾਲਾ

(ੲ) ਚਰਖਾ ਕੱਤਦੀਆਂ ਕੁੜੀਆਂ ਦਾ ਇੱਕਠ

(ਸ) ਚਾਰ ਪੈਰਾਂ ਵਾਲਾ ਜਾਨਵਰ

(5) ਹੇਠ ਲਿਖੇ ਮੁਹਾਵਰਿਆਂ ਦੇ ਅਰਥ ਲਿਖੋ।

(ੳ) ਖੰਡ ਖੀਰ ਹੋਣਾ

(ਅ) ਗੁੱਡੀ ਚੜ੍ਹਨੀ

(ੲ) ਚਾਦਰ ਪਾਉਣੀ

(ਸ) ਛਿੱਕੇ ਉੱਤੇ ਟੰਗਣਾ

(ਭਾਗ - ਸ)

ਪ੍ਰਸ਼ਨ4. ਪੱਤਰ ਰਚਨਾ :-

ਆਪਣੇ ਭਰਾ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ ਦੀ ਮਹੱਤਤਾ ਦੱਸਦੇ ਹੋਏ ਪੱਤਰ ਲਿਖੋ।

ਪ੍ਰਸ਼ਨ5. ਲੇਖ-ਰਚਨਾ :-

ਹੇਠ ਲਿਖੇ ਨੁਕਤਿਆਂ ਦੇ ਅਧਾਰ 'ਤੇ ਲੇਖ 'ਸ੍ਰੀ ਹਰਿਮੰਦਰ ਸਾਹਿਬ' ਲਿਖੋ।

(ੳ) ਇਤਿਹਾਸ

(ਅ) ਸ੍ਰੀ ਹਰਿਮੰਦਰ ਸਾਹਿਬ ਦੀ ਨੀਹ

(ੲ) ਵਿਉਂਤ

(ਹ) ਸ੍ਰੀ ਹਰਿਮੰਦਰ ਸਾਹਿਬ ਦੀ ਸ਼ਾਨ

ਪ੍ਰਸ਼ਨ 6. ਤਸਵੀਰ ਦੇਖ ਕੇ ਦੱਸ-ਦੱਸ ਸਤਰਾਂ ਲਿਖੋ:



ਪ੍ਰਸ਼ਨ 7. 'ਵਣਜਾਰਾ' ਅਤੇ 'ਸਾਉਣ' ਕਵਿਤਾ ਦਾ ਸਾਰ ਲਿਖੋ।

x-x-x-

to be uploaded

23/05/18